# ਪ੍ਰੈਸ ਨੋਟ

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ॥

ਸਾਨੂੰ ਗੁਰੂ ਸਾਹਿਬ ਇਹ ਸੇਧ ਦਿੰਦੇ ਹਨ ਪਰ ਸਿੱਖੀ ਦੀ ਧਾਰਮਿਕ ਪਦਵੀਆਂ ਦੇ ਨਸ਼ੇ ਵਿੱਚ ਗਲਤਾਨ ਲੀਡਰਸ਼ਿਪ ਕਾਰਨ ਅੱਜ ਆਏ ਦਿਨ ਗੁਰੂ ਦੇ ਸ਼ਰੀਕ ਬਣ ਬਹਿਣ ਵਾਲੇ ਮਜ਼ਬੂਤ ਹੋ ਰਹੇ ਹਨ ਅਤੇ ਗੁਰੂ ਦੀ ਬੇਅਦਬੀ ਕਰ ਰਹੇ ਹਨ ।

ਭਾਵੇਂ ਬਸਤਰਾਂ ਦੀ ਸ਼ਕਲ ਬਣਾ ਗੁਰੂ ਦੀ ਬਰਾਬਰਤਾ ਕਰਨ ਵਾਲਾ ਸੌਦਾ ਸਾਧ ਹੋਵੇ, ਭਾਵੇਂ ਗੁਰੂ ਦੇ ਬਰਾਬਰ ਮੂਰਤੀਆਂ ਅਤੇ, ਵਿਅਕਤੀਆਂ ਦੇ ਸਿੰਘਾਸਣ ਲਾਉਣ ਵਾਲੇ ਡੇਰੇਦਾਰ ਹੋਣ, ਭਾਵੇਂ ਸਤਿਗੁਰ ਦੀ ਰੀਸੇ ਕੱਚ ਪਿਚ ਬੋਲਣ ਵਾਲੇ ਕੱਚੀ ਬਾਣੀ ਰਾਹੀ ਸੱਚੀ ਬਾਣੀ ਦੀ ਸ਼ਰੀਕੀ ਕਰਦੇ ਹੋਣ ਅਤੇ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੇ ਬਰਾਬਰ ਹੋਰ ਗ੍ਰੰਥ ਦਾ ਸਿੰਘਾਸਣ ਲਾ ਕੇ ਗੁਰੂ ਦੀ ਗੁਰਿਆਈ ਨੂੰ ਚੈਲੰਜ ਕਰ ਰਹੇ ਹੋਣ – ਇਹ ਸਭ ਇਕੋ ਹੀ ਆਰ ਐਸ ਐਸ ਕੱਟੜ ਹਿੰਦੂ ਵਾਦ ਦੀ ਸਾਜਸ਼ ਦੀ ਕੜੀ ਹਨ । ਪਰ ਇਸ ਸਾਰੀ ਅਧੋਗਤੀ ਦਾ ਸਾਡੇ ਕੋਲ ਕੋਈ ਇਲਾਜ ਨਹੀਂ, ਇਹ ਸਾਰੇ ਗੁਰੂ ਦੇ ਸ਼ਰੀਕ ਇਸੇ ਤਰ੍ਹਾਂ ਦਨਦਨਾਂਦੇ ਗੁਰੂ ਦੀ ਬੇਅਦਬੀ ਕਰਦੇ ਰਹਿਨਗੇ । ਦੂਜੇ ਪਾਸੇ ਸਾਡੇ ਲੀਡਰ ਕਾਗਜ਼ਾਂ ਵਿੱਚ ਮਤੇ ਕਰਕੇ ਲੋਕਾਂ ਦੀ ਅਖੀਂ ਘੱਟਾ ਪਾਉਂਦੇ ਰਹਿਨਗੇ । ਕਿੰਨੀ ਅਜੀਬ ਗੱਲ ਹੈ ਕਿ ਇਹਨਾਂ ਗੁਰੂ ਦੇ ਸ਼ਰੀਕਾਂ ਸਾਹਮਣੇ ਆਵਾਜ਼ ਉਠਾਉਣ ਵਾਲਿਆਂ ਦਾ ਘਰ ਦੇ ਆਗੂ ਵੀ ਮੂਹ ਬੰਦ ਕਰਨਾ ਚਾਹੁੰਦੇ ਹਨ ਅਤੇ ਗੁਰੂ ਦਰੋਹੀ ਵੀ ਡਾਂਗਾਂ ਗੋਲੀਆਂ ਨਾਲ ਉਹਨਾਂ ਦੀ ਆਵਾਜ਼ ਖਾਮੋਸ਼ ਕਰਨਾ ਚਾਹੁੰਦੇ ਹਨ। ਇਹ ਪਾਲਿਸੀ ਉਹਨਾਂ ਦੀ ਸਾਂਝੀ ਹੈ। ਨਹੀ ਤਾਂ ਜਿਥੇ ਇਹ ਮਤਾ ਕੀਤਾ ਜਾਂਦਾ ਹੈ ਕਿ ਕਿਸੇ ਹੋਰ ਗ੍ਰੰਥ ਨੂੰ ਗੁਰਿਆਈ ਨਹੀਂ ਮਿਲੀ ਤੇ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ। ਇਹ ਮਤਾ ਤਾਂ ੬੦ ਸਾਲ ਪਹਿਲੇ ਵੀ ਪੰਥਕ ਰਹਿਤ ਮਰਿਯਾਦਾ ਵਿੱਚ ਪੰਥ ਵੱਲੋਂ ਵੀ ਕੀਤਾ ਗਿਆ ਸੀ ਪਰ ਇਹ ਲਾਗੂ ਨਾ ਹੋਇਆ। ਚੰਗਾ ਹੁੰਦਾ ਜੇ ਨਾਲ ਹੀ ਮਤੇ ਵਿੱਚ ਇਹ ਵੀ ਲਿਖ ਦਿੱਤਾ ਜਾਂਦਾ ਕਿ ਪੰਥਕ ਅਸਥਾਨਾਂ ਉਤੇ ਮਰਿਯਾਦਾ ਪੰਥਕ ਹੀ ਹੋਣੀ ਚਾਹੀਦੀ ਹੈ। ਜਿਸ ਅਸਥਾਣ ਉਤੇ ਪੰਥਕ ਮਰਿਯਾਦਾ ਦਾ ਵਿਰੋਧ ਅਤੇ ਮਨਮਤ ਚਲਾਈ ਜਾਂਦੀ ਹੋਵੇ, ਉਸ ਅਸਥਾਣ ਨਾਲ ਤਦੋਂ ਤਕ ਸਬੰਧ ਨਾ ਰਖਿਆ ਜਾਵੇ ਜਦ ਤਕ ਉਥੇ ਗੁਰਮਤਿ ਸਿਧਾਂਤ ਲਾਗੂ ਨਾ ਹੋ ਜਾਵੇ। ਨਾਲ ਹੀ ਸਮੂਚੇ ਪੰਥ ਦਾ ਸਬੰਧ ਪੰਥਕ ਸਿਧਾਂਤ ਅਤੇ ਪੰਥਕ ਅਸਥਾਨਾਂ ਨਾਲ ਹੀ ਹੈ। ਇਉਂ ਹੀ ਪੰਥਕ ਮਰਿਯਾਦਾ ਦੀ ਮਜ਼ਬੂਤੀ ਅਤੇ ਮਨਮਤ ਨੂੰ ਠੱਲ ਪੈ ਸਕਦੀ ਹੈ। ਪਰ ਇਸ ਤਰ੍ਹਾਂ ਇਕੋ ਇਕ ਪੰਥਕ ਮਰਿਯਾਦਾ ਨਾਲ ਜੋੜਨ ਵਾਲੇ ਮਤੇ ਕੌਣ ਕਰੇ ? ਹੁਣ ਤਾਂ ਪੰਥਕ ਮਰਿਯਾਦਾ ਦਾ ਪ੍ਰਚਾਰ ਕਰਨ ਵਾਲਿਆਂ ਦੀ ਆਵਾਜ਼ ਖਾਮੋਸ਼ ਕਰਨ ਲਈ ਮਤੇ ਅਕਸਰ ਹੁੰਦੇ ਹੀ ਰਹਿੰਦੇ ਹਨ, ਤਾਂ ਹੀ ਤਾਂ ਆਏ ਦਿਨ ਸੌਦਾ ਸਾਧ ਵਰਗੇ ਗੁਰੂ ਦੇ ਸ਼ਰੀਕ ਜਨਮ ਲੈਂਦੇ ਅਤੇ ਵਧਦੇ ਫੁਲਦੇ ਰਹਿੰਦੇ ਹਨ।

ਦਰਸ਼ਨ ਸਿੰਘ ਖਾਲਸਾ
ਸਾਬਕਾ ਜਥੇਦਾਰ,
ਸ੍ਰੀ ਅਕਾਲ ਤਖਤ ਸਾਹਿਬ,
ਸ੍ਰੀ ਅੰਮ੍ਰਿਤਸਰ